**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਵਧੇ ਹੋਏ ਉਪਾਵਾਂ ਦੇ ਨਾਲ ਸਰਦੀ ਦੇ ਮੌਸਮ ਲਈ ਤਿਆਰੀ ਕਰ ਲਈ ਹੈ

ਬ੍ਰੈਂਪਟਨ, ਓਨਟੈਰੀਓ (10 ਨਵੰਬਰ, 2023) – ਕਿਉਂਕਿ ਸਰਦੀ ਦਾ ਮੌਸਮ ਆ ਰਿਹਾ ਹੈ, ਇਸਲਈ ਸਿਟੀ ਆਫ ਬ੍ਰੈਂਪਟਨ ਨੇ ਵਾਹਨਾਂ ਅਤੇ ਉਪਕਰਨ ਦਾ ਆਪਣਾ ਫਲੀਟ ਤਿਆਰ ਕਰ ਲਿਆ ਹੈ ਅਤੇ ਇਸ ਸੀਜਨ ਹਰ ਸਮੇਂ ਕਮਿਉਨਿਟੀ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ, ਨਵੇਂ ਵਧੇ ਹੋਏ ਉਪਾਅ ਪੇਸ਼ ਕਰ ਰਹੀ ਹੈ।

**ਸਨੋ-ਸਾਫ ਕਰਨ ਲਈ ਆਰਥਿਕ ਸਹਾਇਤਾ ਵਧਾਉਣਾ**

ਸਿਟੀ ਆਫ ਬ੍ਰੈਂਪਟਨ, ਸਾਈਡਵਾਕਸ ਅਤੇ ਡ੍ਰਾਈਵਵੇਜ ਤੋਂ ਸਨੋ ਹਟਾਉਣ ਦੇ ਕੰਮ ਤੇ ਕਿਸੇ ਨੂੰ ਰੱਖਣ ਦੇ ਖਰਚੇ ਵਿੱਚ, ਬਜ਼ੁਰਗਾਂ ਅਤੇ ਅਪਾਹਜਪੁਣੇ ਵਾਲੇ ਲੋਕਾਂ ਦੀ ਮਦਦ ਲਈ, ਆਪਣੇ ਆਰਥਿਕ ਸਹਾਇਤਾ ਪ੍ਰੋਗਰਾਮ (Financial Assistance Program) ਦਾ ਵਿਸਤਾਰ ਕਰ ਰਹੀ ਹੈ। ਇਸ ਸਾਲ ਤੋਂ ਸ਼ੁਰੂ ਕਰਦੇ ਹੋਏ, ਜੋ ਲੋਕ ਕਿਰਾਏ ਤੇ ਘਰ ਲੈਂਦੇ ਹਨ, ਉਹ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ। ਯੋਗ ਬਿਨੈਕਾਰਾਂ ਨੂੰ ਗੈਰ-ਕੋਰਨਰ ਲੌਟ ਵਾਲੀਆਂ ਪ੍ਰਾਪਰਟੀਜ ਲਈ 300 ਡਾਲਰ ਤੱਕ ਅਤੇ ਕੋਰਨਰ ਲੌਟ ਵਾਲੀਆਂ ਪ੍ਰਾਪਰਟੀਜ ਲਈ 400 ਡਾਲਰ ਤੱਕ ਦੀ ਗ੍ਰਾਂਟ ਮਿਲ ਸਕਦੀ ਹੈ।

ਯੋਗ ਉਮੀਦਵਾਰ ਇੱਥੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਅਪਲਾਈ ਕਰ ਸਕਦੇ ਹਨ: ਸਿਟੀ ਆਫ ਬ੍ਰੈਂਪਟਨ (City of Brampton) | (ਰੋਡਸ ਅਤੇ ਟ੍ਰੈਫਿਕ (Roads and Traffic) | ਸਨੋ ਹਟਾਉਣ ਸਬੰਧੀ ਆਰਥਿਕ ਸਹਾਇਤਾ (Snow Removal Financial Assistance)।

**ਸਰਦੀ ਸਬੰਧੀ ਇਵੈਂਟਸ ਦੇ ਦੌਰਾਨ ਸਟ੍ਰੀਟਸ ਨੂੰ ਸੁਰੱਖਿਅਤ ਅਤੇ ਪਹੁੰਚਯੋਗ ਰੱਖਣਾ**

ਸਟ੍ਰੀਟਸ ਤੇ ਪਾਰਕਿੰਗ ਦੀ ਇਜਾਜ਼ਤ ਨਹੀਂ ਹੈ ਅਤੇ ਸਰਦੀ ਦੇ ਮੌਸਮ ਸਬੰਧੀ ਇਵੈਂਟਸ ਦੇ ਦੌਰਾਨ ਇਹ ਲਾਗੂ ਰਹੇਗਾ। ਇਹ ਯਕੀਨੀ ਬਣਾਉਣ ਲਈ ਕਿ ਬਰਫ ਹਟਾਉਣ ਵਾਲੇ, ਨਮਕ ਵਿਛਾਉਣ ਵਾਲੇ ਅਤੇ ਐਮਰਜੈਂਸੀ ਵਾਹਨ ਸੁਰੱਖਿਅਤ ਰੂਪ ਨਾਲ ਲੰਘ ਸਕਣ, ਵਾਹਨਾਂ ਨੂੰ ਹਟਾਉਣਾ ਲਾਜ਼ਮੀ ਹੈ।

ਪਾਰਕਿੰਗ ਜੁਰਮਾਨਿਆਂ ਵਿੱਚ ਬਦਲਾਅ

ਸੜਕਾਂ ਤੇ ਪਾਰਕ ਕੀਤੇ ਵਾਹਨ, ਸਰਦੀ ਦੇ ਸਟੌਰਮ ਦੀਆਂ ਇਵੈਂਟਸ ਦੇ ਦੌਰਾਨ ਪ੍ਰਭਾਵੀ ਰੂਪ ਨਾਲ ਬਰਫ ਹਟਾਉਣ ਅਤੇ ਸਨੋ ਹਟਾਉਣ ਦੀ ਸਿਟੀ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦੇ ਹਨ। ਸਿਟੀ ਆਫ ਬ੍ਰੈਂਪਟਨ ਨੇ, ਸਨੋ ਹਟਾਉਣ ਅਤੇ/ਸਰਦੀ ਦੇ ਪ੍ਰਬੰਧਨ ਵਿੱਚ ਵਿਘਨ ਪਾਉਣ ਵਾਲੇ ਵਾਹਨਾਂ ਲਈ ਜੁਰਮਾਨਾ ਵਧਾਉਣ ਵਾਸਤੇ, ਆਪਣੇ ਐਡਮਿਨਿਸਟ੍ਰੇਟਿਵ ਮੋਨੈਟਰੀ ਪੈਨਲਟੀ ਸਿਸਟਮ (ਏ.ਐਮ.ਪੀ.ਐਸ.) ਬਾਇ-ਲਾਅ 333-2013 (Administrative Monetary Penalty System) (AMPS) By-Law 333-2013) ਵਿੱਚ ਸੋਧ ਕੀਤਾ ਹੈ:

- ਪਹਿਲਾ ਅਪਰਾਧ: 125 ਡਾਲਰ
- ਦੂਜਾ ਅਪਰਾਧ: 250 ਡਾਲਰ
- ਅਗਲੇ ਅਪਰਾਧ: 500 ਡਾਲਰ

ਵਾਹਨ ਚੁੱਕਣ (ਟੋਇੰਗ) ਵਿੱਚ ਵਾਧਾ ਕਰਨਾ

ਇਸ ਵੇਲੇ, ਬਾਇ-ਲਾਅ ਐਨਫੋਰਸਮੈਂਟ ਅਫਸਰ (By-Law Enforcement Officers), ਸਨੋ ਹਟਾਉਣ ਵਿੱਚ ਵਿਘਨ ਪਾਉਣ ਵਾਲੇ ਵਾਹਨਾਂ ਦੀ ਜਾਂਚ ਕਰਦੇ ਹਨ, ਜੁਰਮਾਨਾ ਨੋਟਿਸ ਜਾਰੀ ਕਰਦੇ ਹਨ ਅਤੇ ਜਦੋਂ ਜ਼ਰੂਰੀ ਹੋਵੇ, ਅਵੈਧ ਰੂਪ ਨਾਲ ਪਾਰਕ ਕੀਤੇ ਵਾਹਨਾਂ ਨੂੰ ਚੁੱਕਣ ਦਾ ਪ੍ਰਬੰਧ ਕਰਦੇ ਹਨ। 2023-24 ਦੇ ਸਰਦੀ ਦੇ ਸੀਜਨ ਵਿੱਚ ਨਵਾਂ ਨਿਯਮ ਇਹ ਹੈ ਕਿ, ਸਿਟੀ ਬਰਫ ਹਟਾਉਣ ਦੇ ਕੰਮ ਤੋਂ ਪਹਿਲਾਂ ਸੜਕਾਂ ਦੀ ਜਾਂਚ ਕਰਨ ਲਈ ਸਟਾਫ ਨਿਯੁਕਤ ਕਰੇਗੀ, ਅਤੇ, ਜਦੋਂ ਜ਼ਰੂਰੀ ਹੋਵੇਗਾ, ਟੋਇੰਗ ਐਨਫੋਰਸਮੈਂਟ ਗਤੀਵਿਧੀਆਂ ਵਿੱਚ ਸੁਧਾਰ ਕਰਨ ਲਈ, ਅਵੈਧ ਰੂਪ ਨਾਲ ਪਾਰਕ ਕੀਤੇ ਵਾਹਨਾਂ ਨੂੰ ਚੁੱਕਣ ਦਾ ਪ੍ਰਬੰਧ ਕਰੇਗੀ।

**ਬ੍ਰੈਂਪਟਨ ਦਾ ਸਨੋ ਪਲੋ ਟ੍ਰੈਕਰ**

ਵਸਨੀਕ, www.brampton.ca/snow ਤੇ ਅਤੇ 311 ਮੋਬਾਈਲ ਐਪ ਤੇ ਸਿਟੀ ਦੇ ਪਲੋ ਟ੍ਰੈਕਰ (Plow Tracker) ਦੀ ਵਰਤੋਂ ਕਰਦੇ ਹੋਏ ਦੇਖ ਸਕਦੇ ਹਨ ਕਿ ਅਮਲਿਆਂ ਨੇ ਕਿਹੜੀਆਂ ਸੜਕਾਂ ਅਤੇ ਸਾਈਡਵਾਕਸ ਸਾਫ ਕੀਤੀਆਂ ਹਨ। ਇਸ ਟੂਲ ਦੀ ਵਰਤੋਂ ਕਰਕੇ, ਵਸਨੀਕ ਬਰਫ ਹਟਾਉਣ ਦੀ ਪ੍ਰਗਤੀ, ਸੜਕ ਸਬੰਧੀ ਤਰਜੀਹਾਂ ਦੇਖ ਸਕਦੇ ਹਨ ਅਤੇ ਜਾਣ ਸਕਦੇ ਹਨ ਕਿ ਉਹਨਾਂ ਦੇ ਆਸਪਾਸ ਬਰਫ ਹਟਾਉਣ ਵਾਲੀ ਮਸ਼ੀਨ ਆਈ ਹੈ ਜਾਂ ਨਹੀਂ, ਤਾਂ ਜੋ ਉਹ ਸੜਕ ਤੋਂ ਆਪਣੇ ਵਾਹਨ ਹਟਾ ਸਕਣ। ਸੇਵਾ ਬੇਨਤੀਆਂ ਵੀ ਪ੍ਰਸਤੁਤ ਕੀਤੀਆਂ ਜਾ ਸਕਦੀਆਂ ਹਨ।

**ਸੰਖੇਪ ਤੱਥ**

ਹਰ ਸਾਲ, ਸਿਟੀ ਹੇਠਾਂ ਦਿੱਤਿਆਂ ਤੋਂ ਵੱਧ ਸਰਦੀ ਦੀ ਸਨੋ ਹਟਾਉਂਦੀ ਹੈ ਅਤੇ ਸਰਦੀ ਸਬੰਧੀ ਪ੍ਰਬੰਧਨ ਕਰਦੀ ਹੈ:

- 4,120 ਲੇਨ ਕਿਲੋਮੀਟਰ ਸੜਕਾਂ,
- 1,015 ਕਿਲੋਮੀਟਰ ਸਾਈਡਵਾਕ, ਸਿਟੀ ਦੀ ਮਾਲਕੀ ਵਾਲੀਆਂ ਪ੍ਰਾਪਰਟੀਜ ਦੇ ਸਾਮ੍ਹਣੇ,
- 2,556 ਟ੍ਰਾਂਜ਼ਿਟ ਸਟੌਪਸ,
- 217 ਕਿਲੋਮੀਟਰ ਰੇਕ੍ਰੀਏਸ਼ਨ ਟ੍ਰੇਲਾਂ,
- 191 ਸਕੂਲ ਕ੍ਰੌਸਿੰਗ ਥਾਵਾਂ, ਅਤੇ
- 86 ਸਿਟੀ ਫੈਸਿਲਿਟੀ ਪਾਰਕਿੰਗ ਲੌਟਸ।

ਸਰਦੀ ਦੇ ਮੌਸਮ ਸਬੰਧੀ ਇਵੈਂਟਸ ਦੇ ਦੌਰਾਨ, ਅਮਲੇ ਸਟ੍ਰੀਟਸ ਤੇ ਉਦੋਂ ਬਰਫ ਹਟਾਉਣਾ ਸ਼ੁਰੂ ਕਰਦੇ ਹਨ, ਜਦੋਂ ਪੰਜ ਸੈਂਟੀਮੀਟਰ ਸਨੋ ਇਕੱਠੀ ਹੋ ਜਾਂਦੀ ਹੈ। ਸਿਟੀ, ਸੜਕ ਸਬੰਧੀ ਸੁਰੱਖਿਆ ਵਧਾਉਣ ਲਈ, ਵੱਡੇ ਰੋਡਵੇਜ ਨੂੰ ਸਾਫ ਕਰਨ ਨੂੰ ਤਰਜੀਹ ਦਿੰਦੀ ਹੈ, ਜਿੱਥੇ ਵੱਡੀ ਮਾਤਰਾ ਵਿੱਚ ਵਾਹਨਾਂ ਦਾ ਟ੍ਰੈਫਿਕ ਹੁੰਦਾ ਹੈ, ਉਸਦੇ ਬਾਅਦ ਹੋਰ ਲੋਕਲ ਸੜਕਾਂ ਨੂੰ ਸਾਫ ਕਰਦੀ ਹੈ।

ਐਮਰਜੈਂਸੀ ਦੀ ਸਥਿਤੀ ਵਿੱਚ, ਵਸਨੀਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੱਕ ਸੁਰੱਖਿਆ ਕਿੱਟ ਦੇ ਨਾਲ ਘੱਟੋ-ਘੱਟ 72 ਘੰਟਿਆਂ ਤੱਕ ਦੇ ਸਮੇਂ ਲਈ ਖੁਦ ਵਾਸਤੇ ਜਾਂ ਆਪਣੇ ਪਰਿਵਾਰਾਂ ਦੀ ਦੇਖਭਾਲ ਲਈ ਤਿਆਰ ਰਹਿਣ।

ਪੂਰੀ ਮਿਹਨਤ ਦੇ ਨਾਲ ਕੰਮ ਕਰਨ ਵਾਲੀ ਸਮਰਪਿਤ ਟੀਮ ਅਤੇ ਨਵੇਂ ਉਪਾਵਾਂ ਦੇ ਨਾਲ, ਬ੍ਰੈਂਪਟਨ ਇਹ ਯਕੀਨੀ ਬਣਾਉਣ ਲਈ ਤਿਆਰ ਹੈ ਕਿ ਸਟ੍ਰੀਟਸ, ਸਾਈਡਵਾਕਸ, ਟ੍ਰਾਂਜ਼ਿਟ ਸਟੌਪਸ, ਰੇਕ੍ਰੀਏਸ਼ਨਲ ਟ੍ਰੇਲਸ ਅਤੇ ਸਕੂਲ ਕ੍ਰੌਸਿੰਗਸ ਪਹੁੰਚਯੋਗ ਅਤੇ ਸੁਰੱਖਿਅਤ ਰਹਿਣ, ਜਦੋਂ ਸਨੋ ਅਤੇ ਆਈਸ ਹੋਵੇ।

**ਲਿੰਕ**

- ਸਿਟੀ ਆਫ ਬ੍ਰੈਂਪਟਨ (City of Brampton) | ਰੋਡਸ ਅਤੇ ਟ੍ਰੈਫਿਕ (Roads and Traffic) | ਸਨੋ ਹਟਾਉਣ ਦੇ ਕੰਮ (Snow Clearing Operations)

**BRAMPTON** **Media Release**

**ਹਵਾਲੇ**

"ਸਿਟੀ ਆਫ ਬ੍ਰੈਂਪਟਨ ਦੀ ਟੀਮ, ਇਹ ਯਕੀਨੀ ਬਣਾਉਣ ਲਈ ਦਿਨ-ਰਾਤ ਕੰਮ ਕਰਦੀ ਰਹੀ ਹੈ ਕਿ ਅਸੀਂ ਇਸ ਸਰਦੀ ਦੇ ਸੀਜਨ ਵਿੱਚ ਸਾਡੀ ਸਿਟੀ ਦੀ ਮਾਲਕੀ ਵਾਲਾਂ ਸੜਕਾਂ, ਰਸਤਿਆਂ, ਚੌਰਾਹਿਆਂ, ਪਾਰਕਿੰਗ ਲੌਟਸ ਅਤੇ ਰੇਕ੍ਰੀਸ਼ਨਲ ਟ੍ਰੇਲਾਂ ਨੂੰ ਸੁਰੱਖਿਅਤ ਅਤੇ ਪਹੁੰਚਯੋਗ ਰੱਖਣ ਲਈ ਤਿਆਰ ਹਾਂ। ਸਾਡੇ ਕੋਲ ਇਹ ਯਕੀਨੀ ਬਣਾਉਣ ਲਈ ਸੋਚੀ-ਸਮਝੀ ਅਤੇ ਬਹੁਤ ਵਧੀਆ ਜਵਾਬੀ ਯੋਜਨਾ ਹੈ ਕਿ ਸਾਡੀ ਸਿਟੀ ਇਸ ਸੀਜਨ ਵਿੱਚ ਸੁਰੱਖਿਅਤ ਰੂਪ ਨਾਲ ਮੂਵ ਕਰ ਸਕਦੀ ਹੈ, ਐਮਰਜੈਂਸੀ ਅਤੇ ਟ੍ਰਾਂਜ਼ਿਟ ਵਾਹਨਾਂ ਸਮੇਤ। ਅਸੀਂ ਜਾਣਦੇ ਹਾਂ ਕਿ ਸਰਦੀ ਲਈ ਤਿਆਰੀ ਇੱਕ ਸਮੂਹਿਕ ਯਤਨ ਹੈ ਅਤੇ ਤੁਹਾਡੇ ਸਹਿਯੋਗ ਨਾਲ, ਅਸੀਂ ਇਸ ਸੀਜਨ ਨੂੰ ਸਾਰਿਆਂ ਲਈ ਵੱਧ ਸੁਰੱਖਿਅਤ ਬਣਾ ਸਕਦੇ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡੀ ਟੀਮ ਦੇ ਸਨੋ ਸਾਫ ਕਰਨ ਦੇ ਯਤਨ, ਸਿਟੀ ਆਫ ਬ੍ਰੈਂਪਟਨ ਵਿਖੇ ਸਭ ਤੋਂ ਵੱਡੇ ਕੰਮਾਂ ਵਿੱਚੋਂ ਇੱਕ ਹਨ। ਹਰ ਸਾਲ, ਅਸੀਂ ਸਾਰੇ ਵਸਨੀਕਾਂ ਲਈ ਸਰਦੀ ਦਾ ਸੁਰੱਖਿਅਤ ਸੀਜਨ ਯਕੀਨੀ ਬਣਾਉਣ ਲਈ ਦੁਬਾਰਾ ਵਚਨਬੱਧ ਹੁੰਦੇ ਹਾਂ, ਜਿਸ ਕਰਕੇ ਇਸ ਸਾਲ ਅਸੀਂ ਵਧੇ ਹੋਏ ਉਪਾਅ ਪੇਸ਼ ਕਰ ਰਹੇ ਹਾਂ, ਜਿਵੇਂ ਸਨੋ ਹਟਾਉਣ ਲਈ ਸਹਾਇਤਾ ਤੱਕ ਵਧੀ ਹੋਈ ਪਹੁੰਚ ਅਤੇ ਸਨੋ ਸਾਫ ਕਰਨ ਦੇ ਕੰਮ ਦੇ ਦੌਰਾਨ ਸਟ੍ਰੀਟਸ ਨੂੰ ਪਾਰਕ ਕੀਤੀਆਂ ਕਾਰਾਂ ਤੋਂ ਮੁਕਤ ਰੱਖਣ ਦੇ ਵੱਧ ਮਜ਼ਬੂਤ ਯਤਨ। ਜਦੋਂ ਅਸੀਂ ਤੁਹਾਡੇ ਲਈ ਰਸਤਾ ਸਾਫ ਕਰਦੇ ਹਾਂ, ਤਾਂ ਸਾਨੂੰ ਲੋੜ ਹੁੰਦੀ ਹੈ ਕਿ ਹਰੇਕ ਨਾਗਰਿਕ, ਸਾਈਡਵਾਕਸ ਨੂੰ ਸਾਫ ਕਰਨ, ਸਟ੍ਰੀਟ ਤੋਂ ਪਾਰਕ ਕੀਤੀਆਂ ਕਾਰਾਂ ਨੂੰ ਹਟਾਉਣ, ਗਵਾਂਢੀਆਂ ਦਾ ਧਿਆਨ ਰੱਖਣ ਅਤੇ ਸਾਵਧਾਨੀ ਨਾਲ ਡ੍ਰਾਈਵ ਕਰਨ ਵਿੱਚ ਆਪਣੀ ਭੂਮਿਕਾ ਨਿਭਾਵੇ। ਸਾਡੇ ਸਮੂਹਿਕ ਯਤਨਾਂ ਦੇ ਦੁਆਰਾ, ਅਸੀਂ ਸਾਰਿਆਂ ਲਈ ਵੱਧ ਸੁਰੱਖਿਅਤ ਸੀਜਨ ਨੂੰ ਯਕੀਨੀ ਬਣਾ ਸਕਦੇ ਹਾਂ।"

- *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਪਬਲਿਕ ਵਰਕਸ ਕਮੇਟੀ, ਸਿਟੀ ਆਫ ਬ੍ਰੈਂਪਟਨ*

"ਸਾਡਾ ਸਮਰਪਿਤ ਸਟਾਫ, ਸਿਟੀ ਦੇ ਵਿਆਪਕ ਇੰਫਰਾਸਟ੍ਰਕਚਰ ਨੂੰ ਕਾਇਮ ਰੱਖਣ ਲਈ ਬਿਨਾਂ ਥੱਕੇ ਲਗਾਤਾਰ ਕੰਮ ਕਰਦਾ ਹੈ ਅਤੇ ਇਸ ਵਿੱਚ ਸ਼ਾਮਲ ਹੈ, ਸਾਡੀ ਕਮਿਉਨਿਟੀ ਦੀ ਸੁਰੱਖਿਆ, ਖੁਸ਼ੀ ਅਤੇ ਪਹੁੰਚਯੋਗਤਾ ਨੂੰ ਯਕੀਨੀ ਬਣਾਉਣ ਲਈ, ਸਰਦੀ ਦੇ ਮੌਸਮ ਸਬੰਧੀ ਸਥਿਤੀਆਂ ਤੇ ਪ੍ਰਤਿਕਿਰਿਆ ਕਰਨਾ। ਸਰਦੀ ਦੇ ਇਸ ਸੀਜਨ ਵਿੱਚ, ਟੀਮ ਬ੍ਰੈਂਪਟਨ, ਸਾਡੀ ਸਿਟੀ ਨੂੰ ਚੰਗੀ ਤਰ੍ਹਾਂ ਚੱਲਦੇ ਰਹਿਣ ਅਤੇ ਸਾਡੇ ਵਸਨੀਕਾਂ ਨੂੰ ਉਹਨਾਂ ਚੁਣੌਤੀਆਂ, ਜੋ ਸਰਦੀ ਵਿੱਚ ਆ ਸਕਦੀਆਂ ਹਨ, ਤੋਂ ਚੰਗੀ ਤਰ੍ਹਾਂ ਸੁਰੱਖਿਅਤ ਰੱਖਣ ਲਈ ਤਿਆਰ ਅਤੇ ਵਚਨਬੱਧ ਹੈ।"

- *ਮਾਰਲੋਨ ਕੈਲੀਡੀਨ (Marlon Kallideen), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 90,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca